# ਸਿੱਖੀ, ਮਾਂ-ਬੋਲੀ ਅਤੇ ਪੰਜਾਬੀਅਤ ਦੇ ਸਰੋਕਾਰਾਂ ਦੀ ਬਾਤ ਪਾਉਂਦੇ ਵੈਬੀਨਾਰ ਦਾ ਸਫ਼ਲ ਆਯੋਜਨ

**ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਜਗਤ ਪੰਜਾਬੀ ਸਭਾ ਵੱਲੋਂ ਜ਼ੂਮ ਰਾਹੀਂ ਕਰਵਾਇਆ ਗਿਆ ਕੌਮਾਂਤਰੀ ਵੈਬੀਨਾਰ**

**ਸਿੱਖ ਧਰਮ ਦੀ ਮੁਢਲੀ ਜਾਣਕਾਰੀ ਦੇਣ ਲਈ ਮੀਲ ਪੱਥਰ ਸਾਬਤ ਹੋਵੇਗਾ ਇਹ ਵੈਬੀਨਾਰ: ਡਾ. ਮਹਿਲ ਸਿੰਘ**

ਅੰਮ੍ਰਿਤਸਰ 14 ਜੂਨ: ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਕੈਨੇਡਾ ਦੀ ਸੰਸਥਾ ਜਗਤ ਪੰਜਾਬੀ ਨੇ ਸਿੱਖੀ, ਮਾਂ-ਬੋਲੀ ਤੇ ਪੰਜਾਬੀਅਤ ਵਿਸ਼ੇ 'ਤੇ ਕੌਮਾਂਤਰੀ ਵੈਬੀਨਾਰ ਦਾ ਆਯੋਜਨ ਜ਼ੂਨ ਰਾਹੀਂ ਆਯੋਜਿਤ ਕੀਤਾ। ਇਸ ਵੈਬੀਨਾਰ ਵਿਚ ਜਿੱਥੇ ਸਿੱਖੀ, ਮਾਂ-ਬੋਲੀ ਅਤੇ ਪੰਜਾਬੀਅਤ ਦੇ ਚਿੰਤਕਾਂ ਨੇ ਭਰਪੂਰ ਵਿਚਾਰ-ਚਰਚਾ ਕੀਤੀ ਉੱਥੇ ਹੀ ਭਾਰੀ ਗਿਣਤੀ ਵਿਚ ਸ਼ਾਮਲ ਦੇਸ਼-ਵਿਦੇਸ਼ ਦੇ ਸਰੋਤਿਆਂ ਨੇ ਭਰਵਾਂ ਹੁੰਗਾਰਾ ਦੇ ਕੇ ਇਸ ਵੈਬੀਨਾਰ ਨੂੰ ਕਾਮਯਾਬ ਬਣਾ ਦਿੱਤਾ।

ਵੈਬੀਨਾਰ ਦਾ ਮੁੱਖ ਭਾਸ਼ਣ ਦਿੰਦੀਆਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾਕਟਰ ਮਹਿਲ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਤਿਆਰ ਕਰਵਾਏ ਕਾਇਦਾ -ਏ- ਨੂਰ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਮਾਂ-ਬੋਲੀ ਦੇ ਅਤੀਤ, ਵਰਤਮਾਨ ਅਤੇ ਭਵਿੱਖ ਬਾਰੇ ਗੰਭੀਰ ਨੁਕਤੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਖ਼ਾਲਸਾ ਕਾਲਜ ਨੇ ਹਮੇਸ਼ਾਂ ਪੰਜਾਬ, ਪੰਜਾਬੀ, ਪੰਜਾਬੀਅਤ ਦੀ ਵਿਰਾਸਤ ਨੂੰ ਸੰਭਾਲਿਆ ਹੈ।ਆਪਣੀ ਪਰੰਪਰਾ ਨੂੰ ਕਾਇਮ ਰੱਖਦਿਆਂ ਖ਼ਾਲਸਾ ਕਾਲਜ ਭਵਿੱਖ ਵਿਚ ਵੀ ਇਸ ਬਾਰੇ ਉਪਰਾਲੇ ਕਰਦਾ ਰਹੇਗਾ। ਉਨ੍ਹਾਂ ਜਗਤ ਪੰਜਾਬੀ ਸੰਸਥਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਹਾਂਮਾਰੀ ਦੇ ਮਾਹੌਲ ਵਿਚ ਸਿੱਖੀ, ਮਾਂ-ਬੋਲੀ ਅਤੇ ਪੰਜਾਬੀਅਤ ਦੇ ਸਰੋਕਾਰਾਂ ਦੀ ਗੱਲ ਨਵੀਂ ਤਕਨੀਕ ਦੇ ਮਾਧਿਅਮ ਰਾਹੀਂ ਕਰਨ ਅਤੇ ਉਸ ਉੱਤੇ ਭਰਵੀਂ ਚਰਚਾ ਕਰਨ ਲਈ ਸੰਸਥਾ ਵਧਾਈ ਦੀ ਹੱਕਦਾਰ ਹੈ।

ਸਿੱਖ ਚਿੰਤਕ ਡਾਕਟਰ ਇੰਦਰਜੀਤ ਸਿੰਘ ਗੋਗੋਆਣੀ ਨੇ ਸਿੱਖ ਧਰਮ ਅਤੇ ਗੁਰਬਾਣੀ ਦੇ ਹਵਾਲੇ ਨਾਲ ਮਾਂ-ਬੋਲੀ ਦੇ ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਬਾਰੇ ਜਾਣਕਾਰੀ ਭਰਪੂਰ ਸੰਵਾਦ ਰਚਾਇਆ। ਵੈਬੀਨਾਰ ਵਿਚ ਮੁੱਖ-ਮਹਿਮਾਨ ਵੱਜੋਂ ਸ਼ਾਮਲ ਹੋਏ ਸਾਬਕਾ ਵਾਇਸ ਚਾਂਸਲਰ ਡਾਕਟਰ ਸ. ਸ. ਗਿੱਲ ਨੇ ਸਮੂਹ ਪੰਜਾਬੀਆਂ ਨੂੰ ਪੰਜਾਬੀ ਸਾਹਿਤ ਪੜ੍ਹਨ, ਗੁਰਮੁਖੀ ਅਤੇ ਸ਼ਾਹਮੁਖੀ ਸਿੱਖਣ ਦੀ ਲੋੜ 'ਤੇ ਜ਼ੋਰ ਦਿੱਤਾ।

ਐਸ. ਜੀ. ਪੀ. ਸੀ. ਜੀ ਡਾਇਰੈਕਟੋਰੇਟ ਐਜੂਕੇਸ਼ਨ ਪ੍ਰਿੰਸੀਪਲ ਡਾਕਟਰ ਤਜਿੰਦਰ ਕੌਰ ਧਾਲੀਵਾਲ ਨੇ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਤੇ ਮਾਤਭਾਸ਼ਾ ਰਾਹੀ ਗਿਆਨ ਪ੍ਰਾਪਤ ਕਰਨ ਦੀ ਲੋੜ ਬਾਰੇ ਚਰਚਾ ਕੀਤੀ। ਜਗਤ ਪੰਜਾਬੀ ਸਭਾ ਦੇ ਚੇਅਰਮੈਨ ਅਜਾਇਬ ਸਿੰਘ ਚੱਠਾ ਨੇ ਕਿਹਾ ਕਿ ਹਰੇਕ ਪੰਜਾਬੀ ਲਈ ਸਿੱਖ ਧਰਮ ਦੀ ਮੁਢਲੀ ਜਾਣਕਾਰੀ ਪ੍ਰਾਪਤ ਕਰਨ ਲਾਜ਼ਮੀ ਹੈ। ਉਨ੍ਹਾਂ ਕਾਇਦਾ -ਏ- ਨੂਰ ਵਰਗਾ ਕਾਇਦਾ ਤਿਆਰ ਕਰਨ ਦੀ ਗੱਲ ਕੀਤੀ, ਜਿਸ ਨਾਲ ਪੰਜਾਬੀਆਂ ਵਿਚ ਗਿਆਨ ਦਾ ਪਸਾਰਾ ਹੋ ਸਕੇ।

ਅਰਵਿੰਦਰ ਢਿੱਲੋਂ ਨੇ ਵੈਬੀਨਾਰ ਦੀ ਰਿਪੋਰਟ ਪੇਸ਼ ਕੀਤੀ ਤੇ ਸਿਖਿਆ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਵੈਬੀਨਾਰ ਦਾ ਸੰਚਾਲਨ ਕਰਦਿਆਂ ਜਿੱਥੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਆਤਮ ਸਿੰਘ ਰੰਧਾਵਾ ਜੀ ਨੇ ਸਾਰਿਆਂ ਦਾ ਸੁਆਗਤ ਕੀਤਾ, ਉੱਥੇ ਹੀ ਜਾਣਕਾਰੀ ਦਿੱਤੀ ਕਿ ਖ਼ਾਲਸਾ ਕਾਲਜ ਅਤੇ ਜਗਤ ਪੰਜਾਬੀ ਸਭਾ ਦੇ ਸਾਂਝੇ ਯਤਨਾ ਨਾਲ ਬੱਚਿਆਂ ਤੇ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ "ਸਿੱਖ ਧਰਮ ਦੀ ਮੁਢਲੀ ਜਾਣਕਾਰੀ" ਸਿਰਲੇਖ ਹੇਠ ਪੁਸਤਕ ਤਿਆਰ ਕੀਤੀ ਗਈ ਹੈ। ਜਿਸ ਨੂੰ ਪ੍ਰਕਾਸ਼ਿਤ ਕਰਵਾ ਕੇ ਵੱਡੇ ਦਾਇਰੇ ਤੱਕ ਪਹੁੰਚਾਇਆ ਜਾਵੇਗਾ।

ਸਾਰੇ ਹੀ ਪ੍ਰਮੁੱਖ ਵਿਦਵਾਨਾਂ ਨੇ ਕਿਹਾ ਕਿ ਸਿੱਖੀ, ਮਾਂ-ਬੋਲੀ ਅਤੇ ਪੰਜਾਬੀਅਤ ਦੇ ਸਰੋਕਾਰ ਆਪਸ ਵਿਚ ਜੁੜੇ ਹੋਏ ਹਨ ਅਤੇ ਇਨ੍ਹਾਂ ਨੂੰ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸੰਵਾਦ ਤੋਂ ਉਮੀਦ ਬੱਝਦੀ ਹੈ ਕਿ ਸਿੱਖੀ, ਮਾਂ-ਬੋਲੀ ਅਤੇ ਪੰਜਾਬੀਅਤ ਦਾ ਭਵਿੱਖ ਰੋਸ਼ਨ ਰੌਸ਼ਨ ਹੈ।ਉਨ੍ਹਾਂ ਅਰਦਾਸ ਕੀਤੀ ਕਿ ਦੁਨੀਆ ਭਰ ਵਿਚ ਬੈਠੇ ਪੰਜਾਬੀ ਇਸੇ ਤਰ੍ਹਾਂ ਸਮਾਗਮ ਕਰਵਾਉਂਦੇ ਰਹਿਣ ਤੇ ਪੰਜਾਬੀਅਤ ਦਾ ਹੋਕਾ ਦਿੰਦੇ ਰਹਿਣ।ਵੈਬੀਨਾਰ ਵਿਚ ਸੌ ਤੋਂ ਜ਼ਿਆਦਾ ਸਰੋਤਿਆਂ ਨੇ ਦੁਨੀਆਂ ਭਰ ਵਿਚੋਂ ਸ਼ਿਰਕਤ ਕੀਤੀ ਅਤੇ ਲਿਖਤੀ ਸੁਨੇਹਿਆਂ ਰਾਹੀਂ ਵਿਚਾਰ ਪ੍ਰਗਟਾਉਂਦਿਆਂ ਇਸ ਨੂੰ ਸਫ਼ਲ ਵੈਬੀਨਾਰ ਆਖਿਆ।